## ਰਾਜਾ ਮੇਰਾ ਰਾਮ ਚੰਦੁ:

### ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥
### ਲੰਕਾ ਲੂਟੀ ਦੈਤ ਸੰਤਾਪੈ ॥

ਇਹ ਸ੍ਰੀ ਗੁਰੂ ਨਾਨਕ ਸਾਹਿਬ ਦੀ, ਰਾਗ ਰਾਮਕਲੀ ਵਿਚ ਉਚਾਰਣ ਕੀਤੀ ਬਾਣੀ ਸਿਧ ਗੋਸਟਿ ਵਿਚ ੪੦ਵਾਂ ਪਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੪੨ ਤੇ ਦਰਜ ਹੈ।

ਇਸ ਪਦੇ ਵਿਚ ਤ੍ਰੇਤੇ ਜੁਗ ਵਿਚ ਪ੍ਰਕਾਸ਼ ਹੋਏ ਗੁਰ ਜੋਤਿ ਰੂਪੀ ਮਹਾਤਮਾ, ਸ੍ਰੀ ਰਾਮ ਚੰਦਰ ਜੀ ਦੀ, ਗੁਰਮੁਖ ਦੀ ਅਵੱਸਥਾ ਦਸ ਕੇ, ਵਡਿਆਈ ਕੀਤੀ ਗਈ ਹੈ। ਚੇਤੇ ਰਹੇ, ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ੨੭ਵੀਂ ਪਉੜੀ ਵਿਚ, ਇਹੀ ਗੁਰਮੁਖ ਦੀ ਅਵੱਸਥਾ ਸ੍ਰੀ ਗੁਰੂ ਨਾਨਕ ਸਾਹਿਬ ਦੀ ਦਸੀ ਹੈ – 'ਗੁਰਮੁਖਿ ਕਲਿ ਵਿਚ ਪਰਗਟ ਹੋਆ।।' ਵਾਰ ੧:੩੮ ਵਿਚ ਵੀ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਗੁਰਮੁਖਿ ਦਸਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਉਨ੍ਹਾਂ ਨੇ ਅਥਰਵਣ ਵੇਦ ਵਾਲਾ ਜਾਦੂ ਟੂਣਿਆ ਦਾ ਭਾਰ ਲਾਹ ਸੁਟਿਆ – 'ਗੁਰਮੁਖਿ ਭਾਰ ਅਥਰਬਣਿ ਤਾਰਾ।।'

ਗੁਰਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਨੇ, ਵਡਹੰਸੁ ਕੀ ਵਾਰ ਦੀ ੧੩ਵੀਂ ਪਉੜੀ ਵਿਚ, ੫੯੧ ਪੰਨੇ ਤੇ, ਗੁਰਮੁਖਿ ਦੀ ਅਵੱਸਥਾ ਭਗਤ ਪ੍ਰਹਲਾਦ, ਰਾਜਾ ਜਨਕ ਅਤੇ ਰਿਖੀ ਬਸਿਸਟ ਜੀ ਦੀ ਵੀ ਦਸੀ ਹੈ – 'ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ।। ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ।। ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ।।'

ਸ੍ਰੀ ਗੁਰੂ ਨਾਨਕ ਸਾਹਿਬ ਨੇ ਇਸ ਪਦੇ ਵਿਚ ਸ੍ਰੀ ਰਾਮ ਚੰਦਰ ਜੀ ਨੂੰ ਗੁਰਮੁਖਿ ਦਸਦੇ ਹੋਏ ਬਿਆਨ ਕਰਦੇ ਹਨ ਕਿ ਵਿਧਾਤਾ ਨੇ ਗੁਰਮੁਖਿ ਸ੍ਰੀ ਰਾਮ ਚੰਦਰ ਜੀ ਦੇ ਰੂਪ ਵਿਚ ਆ ਕੇ ਪੱਥਰਾਂ ਦਾ ਪੁਲ ਬੰਨ੍ਹਿਆਂ। ਪਾਪ ਰੂਪ ਲੰਕਾ ਲੁਟ ਲਈ ਅਤੇ ਰਾਵਣ ਰੂਪ ਦੈਂਤ ਨੂੰ ਮੌਤ ਦਾ ਸੰਤਾਪ ਭੋਗਣਾ ਪਿਆ।

ਅਜਿਹੀ ਵਡਿਆਈ ਭਗਤ ਨਾਮਦੇਵ ਜੀ ਨੇ ਵੀ, ਪੰਨਾ ੬੫੭ ਤੇ, ਸੋਰਠਿ ਰਾਗ ਵਿਚ ਕੀਤੀ ਹੈ ਜਦੋਂ ਗੁਆਂਢਣ, ਭਗਤ ਜੀ ਤੋਂ, ਉਸ ਦੀ ਛੰਨ ਵਰਗੀ ਸੁੰਦਰ ਛੰਨ ਪਵਾਉਣ ਲਈ ਬੇਢੀ-ਪ੍ਰਭੂ ਦਾ ਪਤਾ ਪੁਛਦੀ ਹੈ ਤਾਂ ਭਗਤ ਜੀ ਬੇਢੀ-ਪ੍ਰਭੂ ਦੇ ਗੁਣ

ਦਸਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਉਸ ਬੇਢੀ-ਪ੍ਰਭੂ ਨੇ ਸਮੁੰਦਰ ਤੇ ਪੁਲ ਬੰਨ੍ਹਿਆਂ ਸੀ ਅਤੇ ਉਸ ਨੇ ਹੀ ਹੋਰ ਜੁਗ ਵਿਚ ਧ੍ਰੂ ਨੂੰ ਅਟਲ ਪਦਵੀ ਬਖਸ਼ੀ ਸੀ, ਉਸੇ ਨੇ ਰਾਵਣ ਦੀ ਕੈਦ ਤੋਂ ਸੀਤਾ ਛਡਾਅ ਕੇ ਲਿਆਂਦੀ ਸੀ ਅਤੇ ਭਭੀਖਣ ਨੂੰ ਲੰਕਾ ਦਾ ਰਾਜ ਸੌਂਪਿਆ ਸੀ – 'ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ।। ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ।।' ਪੰਨਾ ੬੭੩ ਤੇ ਤਾਂ ਭਗਤ ਜੀ ਹੋਰ ਸਪੱਸ਼ਟ ਕਰ ਦਿੰਦੇ ਹਨ ਜਦੋਂ ਉਹ ਰਾਜਾ ਦਸਰਥ ਦੇ ਕਹਾਉਂਦੇ ਪੁਤਰ ਸ੍ਰੀ ਰਾਮ ਚੰਦਰ ਜੀ ਨੂੰ ਆਪਣੇ ਦਿਲ ਦਾ ਰਾਜਾ ਹੀ ਕਹਿਦੇ ਹਨ ਕਿ ਉਹ ਉਸਦੇ ਨਾਮ ਅੰਮ੍ਰਿਤ ਦਾ ਤੱਤ-ਰਸ ਪੀਂਦੇ ਹਨ – 'ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ।।'

## ਰਾਮਚੰਦਿ ਮਾਰਿਓ ਅਹਿ ਰਾਵਣੁ ॥
## ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥

ਸ੍ਰੀ ਰਾਮ ਚੰਦਰ ਜੀ ਨੇ ਹੰਕਾਰੀ ਰਾਵਣ ਨੂੰ ਮਾਰ ਦਿਤਾ ਅਤੇ ਉਸ ਗੁਰਮੁਖਿ ਨੂੰ, ਪਾਪੀ ਰਾਵਣ ਦੇ ਮਾਰਣ ਦੇ ਢੰਗ ਦਾ ਗੁਪਤ ਭੇਦ ਦਿਤਾ। ਇਸੇ ਕਰਕੇ ਹੀ ਭਗਤ ਨਾਮਦੇਵ ਜੀ ਦੇ ਦਸੇ ਅਨੁਸਾਰ, ਇਨਾਮ ਰੂਪ ਵਿਚ ਭਭੀਖਣ ਨੂੰ ਯੋਗ ਜਾਣ ਕੇ ਲੰਕਾ ਦਾ ਰਾਜ ਸੌਂਪਿਆ। ਕਿਉਂਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਸਣ ਅਨੁਸਾਰ ਰਾਜ ਤਖ਼ਤ ਤੇ ਯੋਗ ਵਿਅਕਤੀ, ਜਿਸ ਨੇ ਪੰਜੇ ਵਿਕਾਰਾਂ ਤੇ ਫ਼ਤਹਿ ਪ੍ਰਾਪਤ ਕੀਤੀ ਹੋਵੇ, ਦਾ ਹੀ ਬੈਠਣਾ ਉਚਿਤ ਹੁੰਦਾ ਹੈ – 'ਤਖਤਿ ਬਹੈ ਤਖਤੈ ਕੀ ਲਾਇਕ।। ਪੰਚ ਸਮਾਇ ਗੁਰਮਤਿ ਪਾਇਕ।।'

## ਗੁਰਮੁਖਿ ਸਾਇਰਿ ਪਾਹਣ ਤਾਰੇ ॥
## ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥

ਗੁਰਮੁਖਿ ਸ੍ਰੀ ਰਾਮ ਚੰਦਰ ਜੀ ਨੇ ਸਮੁੰਦਰ ਵਿਚ ਪੱਥਰ ਵੀ ਤਾਰ ਦਿਤੇ ਅਤੇ ਉਸ ਗੁਰਮੁਖਿ ਨੇ ਤੇਤੀ ਕਰੋੜਾਂ ਦਾ ਉਧਾਰ ਕੀਤਾ। ਗੁਰਬਾਣੀ ਅਨੁਸਾਰ ਗੁਰਮੁਖਿ ਤਾਂ ਦੁਨੀਆਂ ਵਿਚ ਉਧਾਰ ਕਰਣ ਹਿਤ ਹੀ ਆਉਂਦੇ ਹਨ ਜਿਵੇਂ ਕਿ,

ਪੰਨਾ ੭੪੯ ਤੇ, ਪੰਜਵੇਂ ਪਾਤਸ਼ਾਹ ਦਾ ਗੁਰ ਵਾਕ ਹੈ – 'ਜਨਮ ਮਰਣੁ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।। ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।।'

ਚੇਤੇ ਰਹੇ ਕਿ ਸਮੁਚੀ ਗੁਰਬਾਣੀ ਅਨੁਸਾਰ, ਸ੍ਰੀ ਰਾਮ ਚੰਦਰ ਜੀ, ਗੁਰ ਜੋਤਿ ਦੀ ਲੜੀ ਵਿਚ, ਤ੍ਰੇਤੇ ਜੁਗ ਵਿਚ ਆਏ ਸਨ। ਇਸ ਸਚਿਆਈ ਦੀ ਵਿਆਖਿਆ ਗੁਰਬਾਣੀ ਦੇ ਅਧਾਰ ਤੇ, ਕੁਝ ਸ਼ਬਦਾਂ – (ਸੁਜਸੁ ਗਾਵਉ ਗੁਰ ਨਾਨਕ) ਵਿਚ ਪਹਿਲਾਂ ਹੀ ਕੀਤੀ ਜਾ ਚੁਕੀ ਹੈ।

Last modified: 12:15 pm